(i) **Printed Pages : 3** **Roll No. ................................**

(ii) **Questions : 6** **Sub. Code : 0 0 0 8**

**Exam. Code : 0 0 0 1**

**B.A./B.Sc. (General) 1st Semester**

**1125**

**PUNJABI (Elective)**

**Time Allowed : Three Hours]** **[Maximum Marks : 90**

**ਨੋਟ :-** (i) ਲਿਖਾਈ ਸਾਫ਼ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

(ii) ਸਵਾਲਾਂ ਦੇ ਉੱਤਰ ਭਾਵ-ਪੂਰਤ ਅਤੇ ਸਪੱਸ਼ਟ ਹੋਣੇ ਚਾਹੀਦੇ ਹਨ।

(iii) ਸਾਰੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਨਕਲ ਹੁੰਦੀ ਹੈ ਉਸੇ ਖਚਰੇ ਪੁਰਾਣੇ ਯਾਰ ਦੀ।
ਵਟ ਗਈ ਵਰਦੀ ਹੈ ਕਾਤਿਲ ਦੀ ਉਸੇ ਤਲਵਾਰ ਦੀ।
ਟੈਕਸ ਦਰ ਟੈਕਸ ਦੀ ਲੋਟ ਹੈ ਤੇ ਸ਼ਕਤੀਵਾਦ ਹੈ।
ਮਨ ਨਹੀਂ ਮੰਨਦਾ ਕਿ ਭਾਰਤ ਹੋ ਚੁੱਕਾ ਆਜ਼ਾਦ ਹੈ।

**ਜਾਂ**

ਹੈ ਮਾਦਾ ਤੇ ਮਾਦੇ ਦੀ ਹਰਕਤ ਅਨਾਦੀ
ਅਕਲ, ਰੂਪ ਮਨੁੱਖ ਸਭ ਨੇ ਇਸ ਦੀ ਅਬਾਦੀ।
ਨਾ ਸੁਪਨਾ ਨਾ ਕੋਈ ਹਵਾਈ ਹੈ ਦੁਨੀਆਂ।
ਹਕੀਕਤ ਹੈ ਦੁਨੀਆਂ ਸਚਾਈ ਹੈ ਦੁਨੀਆਂ। 10

(ਅ) ਹੇਠ ਲਿਖੇ ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

ਅੰਨ੍ਹੇ ਸ਼ਿਕਾਰੀਓ। ਤੁਸੀਂ ਨਿਸ਼ਾਨੇ ਹਮੇਸ਼ਾ ਗਲਤ ਲਾਉਣ ਦੇ ਆਦੀ ਬਣ ਚੁੱਕੇ ਓ। ਥੋੜੇ ਵੀ ਕੀ ਵੱਸ ਐ ? ਥੋਡੀ ਨਜ਼ਰ ਦਾ ਟੀਰ ਥੋਨੂੰ ਸਿੱਧਾ ਵੇਖਣ ਈ ਨੀ ਦਿੰਦਾ।

**ਜਾਂ**

ਓਏ ਮੱਤ ਮਾਰੀ ਹੋਈ ਏ ਤੁਹਾਡੀ! ਬੀਬੀਆਂ ਆਪੋ-ਆਪਣੇ ਬਾਬੂਆਂ ਦੀਆਂ, ਤੁਸੀਂ ਖਾਹ-ਮਖਾਹ ਕਿਉਂ ਇਕ ਦੂਜੇ ਦਾ ਸਿਰ ਫਾੜਨ ਲੱਗੇ ਹੋ ? 10

2. (ੳ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

ਸੁਫਨੇ (ਪ੍ਰੋ. ਮੋਹਨ ਸਿੰਘ)

ਗ਼ਜ਼ਲ-ਹਰ ਮੋੜ ਤੇ ਸਲੀਬਾਂ (ਜਗਤਾਰ) 10

(ਅ) 'ਬੇਈਮਾਨ' ਜਾਂ 'ਅੰਨ੍ਹੇ ਨਿਸ਼ਾਨਚੀ' ਇਕਾਂਗੀ ਦਾ ਵਿਸ਼ਾ-ਵਸਤੂ ਲਿਖੋ। 10

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਦੇ ਉੱਤਰ ਲਿਖੋ :

(i) 'ਮੇਰੀ ਜਿੰਦੇ' ਕਵਿਤਾ ਅਨੁਸਾਰ ਜਿੰਦ ਦੀ ਥਾਂ ਕਿਹੜੀ ਸੀ ?

(ii) ਬਾਲ ਨਾਥ ਰਾਂਝੇ ਨੂੰ ਜੋਗ ਦੇ ਕੇ ਕਿਉਂ ਪਛਤਾਇਆ ਸੀ ?

(iii) 'ਮਾਂ' ਕਵਿਤਾ ਦਾ ਵਿਸ਼ਾ ਕੀ ਹੈ ?

(iv) 'ਬਦੇਸ਼ੀ ਸੌਦਾਗਰ' ਕਵਿਤਾ ਦਾ ਕੇਂਦਰੀ ਭਾਵ ਕੀ ਹੈ ?

(v) ਅੰਬੋ ਦੇ ਮਨ ਦੀਆਂ ਕਿਸ ਤਰ੍ਹਾਂ ਮਨ ਵਿੱਚ ਹੀ ਰਹਿ ਗਈਆਂ ?

(vi) ਭਗਤ ਸਿੰਘ ਤੇ ਪਰਤਾਪ ਦੀ ਲੜਾਈ ਕਿਉਂ ਹੁੰਦੀ ਹੈ ?

(vii) 'ਅੰਨ੍ਹੇ ਨਿਸ਼ਾਨਚੀ' ਇਕਾਂਗੀ ਵਿੱਚ ਅੰਨ੍ਹੇ ਨਿਸ਼ਾਨਚੀ ਕਿਨ੍ਹਾਂ ਨੂੰ ਕਿਹਾ ਗਿਆ ਹੈ ?

(viii) 'ਅੰਨ੍ਹੇ ਕਾਣੇ' ਇਕਾਂਗੀ ਦੇ ਸਿਰਲੇਖ ਬਾਰੇ ਚਰਚਾ ਕਰੋ। 2×5=10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਦੇ ਉੱਤਰ ਲਿਖੋ :

(i) ਆਧੁਨਿਕ ਪੰਜਾਬੀ ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਪ੍ਰਵਿਰਤੀਆਂ ਨੇ ਜਨਮ ਲਿਆ ?

(ii) ਭਾਈ ਵੀਰ ਸਿੰਘ ਦੀ ਪੰਜਾਬੀ ਕਵਿਤਾ ਨੂੰ ਮੌਲਿਕ ਦੇਣ ਕੀ ਹੈ ?

(iii) ਪ੍ਰੋ. ਮੋਹਨ ਸਿੰਘ ਦੀ ਕਵਿਤਾ ਨੂੰ ਕਿਹੜੇ-ਕਿਹੜੇ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ ?

(iv) ਈਸ਼ਵਰ ਚੰਦਰ ਨੰਦਾ ਦੀ ਸਾਹਿਤ ਰਚਨਾ ਦਾ ਵੇਰਵਾ ਦਿਓ।

(v) ਅਜਮੇਰ ਸਿੰਘ ਔਲਖ ਦੀ ਸਾਹਿਤ ਰਚਨਾ ਦਾ ਵੇਰਵਾ ਦਿਓ।

(vi) ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਨੂੰ ਕਿਹੜੀ ਵੱਖਰੀ ਦੇਣ ਹੈ ?

5×4=20

5. ਭਾਸ਼ਾ ਦੀ ਪ੍ਰਕ੍ਰਿਤੀ ਉੱਤੇ ਇੱਕ ਨੋਟ ਲਿਖੋ।

**ਜਾਂ**

ਭਾਸ਼ਾ ਦੀ ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ ਸਪੱਸ਼ਟ ਕਰੋ। 10

6. ਹੇਠ ਲਿਖੇ ਸਾਹਿਤ ਰੂਪਾਂ ਵਿੱਚੋਂ ਕਿਸੇ **ਇੱਕ** ਦੀ ਪਰਿਭਾਸ਼ਾ ਅਤੇ ਤੱਤ ਲਿਖੋ :

(i) ਇਕਾਂਗੀ

(ii) ਕਵਿਤਾ। 10